ਆਜ਼ਾਦੀ ਸੰਗਰਾਮੀ ਅਜੀਤ ਸਿੰਘ ਬਾਰੇ ਦਸਤਾਵੇਜ਼ੀ ਨਾਵਲ/ ਕਿਸ਼ਤ-55

ਅਜੀਤ ਰਾਹੀ

ਇੱਕ ਵਾਰ ਇਸ ਮੇਲੇ ਮੌਕੇ ਇੱਕ ਜਪਾਨੀ ਜਹਾਜ਼ ਗੀਓ ਡੀ. ਜਨੇਰੀਓ ਦੀ ਬੰਦਰਗਾਹ ਉੱਤੇ ਆ ਗਿਆ। ਜਦੋਂ ਜਹਾਜ਼ ਬੰਦਰਗਾਹ ਉੱਤੇ ਰੁਕ ਗਿਆ ਅਤੇ ਜਪਾਨੀ ਜਹਾਜ਼ ਵਿੱਚੋਂ ਬਾਹਰ ਆ ਗਏ ਤਾਂ ਲੋਕਾਂ ਨੇ ਜਪਾਨੀਆਂ ਨੂੰ ਘੇਰਾ ਪਾ ਲਿਆ। ਉਨ੍ਹਾਂ ਨਾਲ ਹਰ ਤਰ੍ਹਾਂ ਦਾ ਹਾਸਾ ਮਜ਼ਾਕ ਕੀਤਾ, ਉਨ੍ਹਾਂ ਦੇ ਮਖੌਟੇ ਪਾ ਕੇ ਉਹਨਾਂ ਨੂੰ ਮੇਲੇ ਵਿੱਚ ਘੁੰਮਾਇਆ ਅਤੇ ਦਿਲ ਖੋਲ੍ਹ ਕੇ ਉਹਨਾਂ ਦੀ ਆਓ ਭਗਤ ਕੀਤੀ। ਜਪਾਨੀ ਆਪਣੇ ਆਪ ਨੂੰ ਲੋਕਾਂ ਵਿੱਚ ਘਿਰੇ ਇਸ ਤਰ੍ਹਾਂ ਮਹਿਸੂਸ ਕਰ ਰਹੇ ਸਨ ਜਿਵੇਂ ਕਿਸੇ ਪਾਗਲਖਾਨੇ ਦੇ ਭਰੇ ਮੇਲੇ ਵਿੱਚ ਆ ਗਏ ਹੋਣ। ਜਪਾਨੀਆਂ ਦਾ ਜਹਾਜ਼ ਦੋ-ਦਿਨ ਬਾਅਦ ਉੱਥੋਂ ਚਲਾ ਗਿਆ। ਜਪਾਨ ਜਾ ਕੇ ਇੱਕ ਜਪਾਨੀ ਨੇ ਇਸ ਮੇਲੇ ਬਾਰੇ ਇੱਕ ਕਹਾਣੀ ਲਿਖੀ ਕਿ ਉਹ ਦੋ ਦਿਨ ਪਾਗਲ ਲੋਕਾਂ ਦੇ ਇੱਕ ਦੇਸ਼ ਵਿੱਚ ਰਹੇ।

ਬ੍ਰਾਜ਼ੀਲ ਦੀਆਂ ਬਹੁਤ ਸਾਰੀਆਂ ਗੱਲਾਂਬਾਤਾਂ ਭਾਰਤ ਨਾਲ ਮਿਲਦੀਆਂ-ਜੁਲਦੀਆਂ ਹਨ। ਜਿਸ ਕਰਕੇ ਮੈਨੂੰ ਮਹਿਸੂਸ ਹੋਇਆ ਕਿ ਮੈਂ ਹਿੰਦੁਸਤਾਨ ਵਿੱਚ ਹੀ ਹਾਂ। ਇਥੋਂ ਦਾ ਮੌਸਮ ਵੀ ਜ਼ਿਆਦਾਤਰ ਹਿੰਦੋਸਤਾਨ ਵਰਗਾ ਹੀ ਹੈ। ਫਲ-ਫਰੂਟ ਵੀ ਇੱਕੋ ਜਿਹੇ ਹੀ ਹਨ ਜਿਵੇਂ ਤੁਹਾਨੂੰ ਇੱਥੇ ਅੰਬ, ਕੇਲੇ, ਸੰਤਰੇ,ਹਦਵਾਣੇ ਖਰਬੂਜ਼ੇ, ਅਨਾਰ ਆਦਿ ਸਭ ਵੱਡੀ ਮਾਤਰਾ ਵਿੱਚ ਮਿਲ ਜਾਂਦੇ ਹਨ। ਇੱਥੇ ਪਿੱਪਲ ਦੇ ਦਰੱਖ਼ਤ ਵੀ ਮਿਲਦੇ ਹਨ ਜਿਹੜੇ ਕਿ ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਨਹੀਂ ਮਿਲਦੇ।

ਹਿੰਦੁਸਤਾਨ ਅਤੇ ਬ੍ਰਾਜ਼ੀਲ ਦੀ ਸਮਾਨਤਾ ਤੋਂ ਪਤਾ ਲੱਗਦਾ ਹੈ ਕਿ ਪੁਰਤਗਾਲੀਆਂ ਨੇ ਜਦੋਂ ਹਿੰਦੁਸਤਾਨ ਲੱਭਿਆ ਸੀ ਉਸੇ ਵੇਲੇ ਬ੍ਰਾਜ਼ੀਲ ਵੀ ਲੱਭਿਆ ਹੋਵੇਗਾ। ਉਹਨਾਂ ਇਹਨਾਂ ਫਲਾਂ ਅਤੇ ਰੁੱਖਾਂ ਦੇ ਬੀਜ ਭਾਰਤ ਤੋਂ ਲਿਜਾ ਕੇ ਬ੍ਰਾਜ਼ੀਲ ਬੀਜ ਦਿੱਤੇ ਇੱਥੇ ਧਰਤੀ ਦੀ ਤਸੀਰ ਅਤੇ ਪੌਣ ਪਾਣੀ ਹਿੰਦੁਸਤਾਨ ਵਰਗਾ ਹੋਣ ਕਰਕੇ ਅੱਜ ਇਹ ਸਭ ਫਲ, ਫਰੂਟ ਅਤੇ ਰੁੱਖ ਇੱਥੇ ਲਹਿਲਹਾਉਂਦੇ ਹਨ।

ਬ੍ਰਾਜ਼ੀਲ ਦੇ ਮੈਂਬਰ ਪਾਰਲੀਮੈਂਟਾਂ ਨੇ ਯੂਰਪ ਦੇ ਦੇਸ਼ਾਂ ਤੋਂ ਕਰਜ਼ੇ ਲੈ ਕੇ ਕਾਫ਼ੀ ਪੈਸਾ ਬਣਾ ਲਿਆ ਹੈ। ਉਹ ਇਹ ਕਰਜ਼ੇ ਸੜਕਾਂ, ਪੁਲਾਂ, ਰੇਲਾਂ ਅਤੇ ਹੋਰ ਉਦਯੋਗਾਂ ਲਈ ਲੈ ਲੈਂਦੇ ਹਨ ਪਰ ਇਹ ਪੈਸਾ ਵਰਤਦੇ ਆਪਣੀ ਐਸ਼ੋ ਇਸ਼ਰਤ ਲਈ ਹਨ। ਯੂਰਪੀਨ ਦੇਸ਼ ਦੱਖਣੀ ਅਮਰੀਕਾ ਦੇ ਦੇਸ਼ਾਂ ਨੂੰ ਕਰਜ਼ਾ ਬੜੀ ਅਸਾਨੀ ਨਾਲ ਦੇ ਦਿੰਦੇ ਹਨ ਤਾਂ ਕਿ ਭਵਿੱਖ ਵਿੱਚ ਉਹ ਇਹਨਾਂ ਉੱਤੇ ਕਬਜ਼ਾ ਕਰ ਸਕਣ। ਦੱਖਣੀ ਅਮਰੀਕਾ ਦੇ ਦੇਸ਼ਾਂ ਦੇ ਲੋਕਾਂ ਉੱਤੇ ਕਰਜ਼ਿਆਂ ਦਾ ਸੂਦ ਮੋੜਨ ਲਈ ਕਾਫ਼ੀ ਟੈਕਸ ਲਾਏ ਜਾਂਦੇ ਹਨ। ਇਹਨਾਂ ਟੈਕਸਾਂ ਅਤੇ ਕਰਜ਼ਿਆਂ ਕਰਕੇ ਕਈ ਵਾਰ ਇਹਨਾਂ ਦੇਸ਼ਾਂ ਦੇ ਲੋਕ ਸੋਚਦੇ ਹਨ ਕਿ ਜਲਦੀ ਹੀ ਸਾਡੇ ਦੇਸ਼ ਤਬਾਹ ਹੋ ਜਾਣਗੇ। ਜਿਸ ਢੰਗ ਨਾਲ ਉਹਨਾਂ ਨੂੰ ਕਰਜ਼ਿਆਂ ਦੇ ਭਾਰ ਹੇਠ ਦੱਬਿਆ ਜਾ ਰਿਹਾ ਹੈ ਅਤੇ ਵਿਆਜਾਂ ਨੇ ਲੋਕਾਂ ਦਾ ਕਚੂੰਮਰ ਕੱਢਿਆ ਹੋਇਆ ਹੈ।

ਪਰ 'ਰੱਬ' ਨੇ ਇਹਨਾਂ ਸੱਚੇ-ਸੁੱਚੇ ਲੋਕਾਂ ਦੀ ਸੁਣ ਲਈ ਅਤੇ ਸੰਸਾਰ ਦੀ ਜੰਗ ਲੱਗ ਪਈ , ਜਿਸ ਦੀ ਲਪੇਟ ਵਿੱਚ ਸਾਰਾ ਯੂਰਪ ਅਤੇ ਉੱਤਰੀ ਅਮਰੀਕਾ ਦਾ ਕੁੱਝ ਭਾਗ ਬੁਰੀ ਤਰ੍ਹਾਂ ਆ ਗਏ। ਜਿਸ ਕਰਕੇ ਇਹਨਾਂ ਮੁਲਕਾਂ ਨੇ ਆਪਣੇ ਸ਼ਾਹੂਕਾਰ ਦੇਸ਼ਾਂ ਨੂੰ ਆਪਣੀਆਂ ਵਸਤਾਂ ਵੇਚ ਕੇ ਆਪਣੇ ਕਰਜ਼ੇ ਖ਼ਤਮ ਕਰ ਦਿੱਤੇ ਹਨ। ਹੁਣ ਉਹ ਆਪ ਕਰਜ਼ਾ ਦੇਣ ਦੀ

ਬਾਕੀ ਸਫਾ III 'ਤੇ

ਲੜੀਵਾਰ ਨਾਵਲ / ਆਖਰੀ ਕਾਂਡ-41

ਕਿਸਾਨ ਬਣ ਰਿਹਾ ਗ਼ੁਲਾਮ

ਡਾ. ਨਗਿੰਦਰ ਸਿੰਘ ਹਰੀਕਾ
98760-34567

"ਜੀਵਾਂਗੇ ਜਾਂ ਮਰਾਂਗੇ...."ਜ਼ਮੀਨਾਂ ਦੀ ਰਾਖੀ ਕਰਾਂਗੇ...।"

"ਜੀਵਾਂਗੇ ਜਾਂ ਮਰਾਂਗੇ...."ਪਿਆਰੇ ਭਾਰਤ ਦੇਸ਼ ਦੀ ਰਾਖੀ ਕਰਾਂਗੇ।"

"ਸਾਮਰਾਜ ਅਤੇ ਉਸ ਦੇ ਦਲਾਲ ...."ਮੁਰਦਾਬਾਦ ਮੁਰਦਾਬਾਦ।"

"ਭਾਰਤ ਦੇ ਦੇਸ਼ ਭਗਤ ਲੋਕਾਂ ਦਾ ਏਕਾ....."ਜ਼ਿੰਦਾਬਾਦ ਜ਼ਿੰਦਾਬਾਦ।"

ਪੰਜਾਬ ਵੱਲੋਂ ਬੋਲਣ ਵਾਲੇ ਮਨਿੰਦਰ ਨੇ ਪੰਜਾਬ ਦੇ ਇੱਕ ਜ਼ਿਲ੍ਹੇ ਅੰਦਰਲੇ ਸੈਨਾਂ, ਘੋਲਾਂ ਅਤੇ ਧੌਘੇੜਾਂ ਪਿੰਡਾਂ ਦੇ ਗਰੀਬ, ਖੇਤ ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ ਇੱਕ ਕੰਪਨੀ ਖਿਲਾਫ਼ ਅਤੇ ਥਵਾਨੀਗੜ੍ਹ ਨੇੜੇ ਥਰਮਲ ਪਲਾਂਟ ਬਨਾਉਣ ਲਈ ਉਸ ਇਲਾਕੇ ਦੇ ਕਿਸਾਨ ਦੀ ਜ਼ਮੀਨ ਕੁਰਕ ਕਰਨ ਲਈ ਤਾਂਘਣ ਵਾਲੀ ਲੁਟੇਰੀ ਕੰਪਨੀ ਖਿਲਾਫ਼ ਲੜੇ ਗਏ ਸ਼ਾਨਦਾਰ ਘੋਲਾਂ ਦੀਆਂ ਉਦਾਹਰਣਾਂ ਦਿੱਤੀਆਂ। ਬੰਗਾਲ ਦੇ ਕ੍ਰਾਂਤੀਕਾਰੀ ਵੱਲੋਂ ਸੀ.ਪੀ. ਆਈ. ਅਤੇ ਸੀ.ਪੀ.ਆਈ.ਐਮ ਅਜਿਹੀਆਂ ਪਾਰਟੀਆਂ ਦੀ ਸਰਕਾਰ ਵੱਲੋਂ ਜ਼ਬਰੀ ਜ਼ਮੀਨਾਂ ਕੁਰਕ ਕਰਨ ਵਾਲੀ ਬਹੁਤ ਹੀ ਲੁਟੇਰੀ ਅਤੇ ਜ਼ਾਲਮ ਵਿਦੇਸ਼ੀ ਕੰਪਨੀ ਖਿਲਾਫ਼ ਲੜਨ ਵਾਲੇ ਨੰਦੀਗ੍ਰਾਮ ਏਰੀਏ ਦੇ ਲੋਕਾਂ ਦੇ ਸੰਘਰਸ਼ ਨੂੰ ਚਾਇਆ ਗਿਆ ਸੀ। ਅਜਿਹੇ ਤੱਤ ਵਾਲੀਆਂ ਸਪੀਚਾਂ ਨੇ ਕਾਨਫਰੰਸ ਵਿੱਚ ਸ਼ਾਮਲ ਲੱਖਾਂ ਲੋਕਾਂ ਦੀ ਚੇਤੰਨਾਂ ਪ੍ਰਚੰਡ ਕਰ ਦਿੱਤੀ ਸੀ ਅਤੇ ਲਹੂ ਉਬਾਲੇ ਖਾਣ ਲਾ ਦਿੱਤਾ ਸੀ। ਕਾਨਫਰੰਸ ਦਾ ਪੰਡਾਲ ਚਾਰੇ ਪਾਸਿਆਂ ਤੋਂ ਪੁਲਿਸ ਨੇ ਘੇਰਿਆ ਹੋਇਆ ਸੀ। ਸਿਪਾਹੀਆਂ ਦੀਆਂ ਪਿੱਠਾਂ ਉੱਤੇ ਇੱਟਾਂ ਰੋੜੇ ਰੋਕਣ ਵਾਲੀਆਂ ਢਾਲਾਂ ਲਮਕ ਰਹੀਆਂ ਸਨ। ਅੰਦੋਲਨਕਾਰੀਆਂ ਤੇ ਪਾਣੀ ਦੀਆਂ ਵਛਾੜਾਂ ਮਾਰਨ ਵਾਲੀਆਂ ਅਤੇ ਅੱਥਰੂ ਗੈਸ ਦੇ ਗੋਲੇ ਸਿੱਟਣ ਵਾਲੀਆਂ ਗੱਡੀਆਂ ਰੋਹਬ ਪਾਉਣ ਦਾ ਵਿਖਾਵਾ ਕਰ ਰਹੀਆਂ ਸਨ। ਡੀ.ਸੀ.,ਐਸ.ਐਸ.ਪੀ. ਅਤੇ ਕਈ ਹੋਰ ਉੱਚ ਪੱਧਰੇ ਅਫ਼ਸਰਾਂ ਦੀਆਂ ਗੱਡੀਆਂ ਦੇ ਸਾਇਰਨਾਂ ਦੀਆਂ ਅਵਾਜ਼ਾਂ ਸੁਣਾਈ ਦੇ ਰਹੀਆਂ ਸਨ।

ਕਾਨਫਰੰਸ ਨੂੰ ਸਮਾਪਤ ਕਰਨ ਅਤੇ ਬੰਗਲੌਰ ਦੀਆਂ ਸੜਕਾਂ ਤੇ ਰੋਸ ਪ੍ਰਦਰਸ਼ਨ ਕਰਨ ਦੀ ਸੂਚਨਾ ਦੇਣ ਲਈ ਉਸ਼ਾ ਕ੍ਰਾਂਤੀ ਨੇ ਬੋਲਣਾ ਸ਼ੁਰੂ ਕੀਤਾ। "ਮੇਰੇ ਬਹਾਦਰ ਅਤੇ ਪਿਆਰੇ ਲੋਕੋ। ਹੁਣ ਅਸੀਂ ਅੱਜ ਦੀ ਕਾਨਫਰੰਸ ਸਮਾਪਤ ਕਰਦੇ ਹਾਂ ਅਤੇ ਸ਼ਹਿਰ ਵਿੱਚ ਪ੍ਰਦਰਸ਼ਨ ਕਰਨ ਦੀ ਸ਼ੁਰੂਆਤ ਕਰਦੇ ਹਾਂ। ਮੈਂ ਸਾਰੇ ਪ੍ਰਾਂਤਾਂ ਦੀਆਂ ਕ੍ਰਾਂਤੀਕਾਰੀ ਜਥੇਬੰਦੀਆਂ ਦੇ ਆਗੂ ਸਹਿਬਾਨਾਂ ਨੂੰ ਬੇਨਤੀ ਕਰਦੀ ਹਾਂ ਕਿ ਉਹ ਆਪਣੇ ਪ੍ਰਾਂਤ ਦੇ ਲੋਕਾਂ ਨੂੰ ਆਲਾਟ ਹੋਏ ਨੰਬਰਾਂ ਮੁਤਾਬਕ ਹੀ ਰੋਸ ਪ੍ਰਦਰਸ਼ਨ ਵਿੱਚ ਸ਼ਾਮਿਲ ਹੋਣ ਅਤੇ ਪ੍ਰਵਤਨ ਨਾਹਰੇ ਲਵਾਉਣਗੇ ਅਤੇ ਜਾਬਤੇ ਨੂੰ ਸਖ਼ਤੀ ਨਾਲ ਕਾਇਮ ਰੱਖਣਗੇ। ਦੂਸਰੇ ਪਾਸਿਓਂ ਪੁਲਿਸ ਦੀ ਵਾਇਰਲ ਵਿੱਚੋਂ ਸਪੀਕਰ ਰਾਹੀਂ ਇਹ ਤਾੜਨਾ ਆਉਣੀ ਸ਼ੁਰੂ ਹੋਈ ਸੀ।

"ਭਾਰਤ ਸਰਕਾਰ ਦੇ ਹੁਕਮਾਂ ਮੁਤਾਬਕ ਬੰਗਲੌਰ ਸ਼ਹਿਰ ਵਿੱਚ ਪ੍ਰਦਰਸ਼ਨ ਵਗੈਰਾ ਕਰਨ ਦੀ ਮਨਾਹੀ ਕੀਤੀ ਗਈ ਹੈ। ਕਿਸੇ ਨੂੰ ਵੀ ਪ੍ਰਦਰਸ਼ਨ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ....।"

ਕਈ ਕਿਲੋਮੀਟਰ ਲੰਬਾ ਮੁਜ਼ਾਹਰਾ ਅਕਾਸ਼ ਗੁੰਜਾਊ ਨਾਹਰੇ ਮਾਰਦੇ ਅਤੇ ਭਾਰਤ ਸਰਕਾਰ ਦੇ ਹੁਕਮਾਂ ਤੋਂ ਬੇਪ੍ਰਵਾਹ ਹੁੰਦਾ, ਜਿਉਂ ਹੀ ਕੂਚ ਕਰਨ ਲੱਗਿਆ ਤਿਉਂ ਹੀ ਪੁਲਿਸ ਦੀਆਂ ਧਾੜਾਂ ਮੁਜ਼ਾਹਰੇ ਦੇ ਮੂੰਹ 'ਤੇ ਤੈਨਾਤ ਹੋ ਗਈਆਂ। ਅੱਥਰੂ ਗੈਸ ਦੇ ਗੋਲੇ ਸੁੱਟਣ ਵਾਲੀਆਂ ਅਤੇ ਪਾਣੀ ਦੀਆਂ ਵਛਾੜਾਂ ਮਾਰਨ ਵਾਲੀਆਂ ਗੱਡੀਆਂ ਮੁਜ਼ਾਹਰੇ ਦੇ ਖੱਬੇ ਸੱਜੇ ਪੁਜੀਸ਼ਨਾਮ ਲੈ ਕੇ ਤਿਆਰ-ਬਰ ਤਿਆਰ ਹੋਈਆਂ । ਦੋਵਾਂ ਧਿਰਾਂ ਦਰਮਿਆਨ ਤਣਾਅ ਮਿੰਟੀ ਸੈਕਿੰਟੀ ਵੱਧਣ ਲੱਗਿਆ। ਮੁਜ਼ਾਹਰਾਕਾਰੀਆਂ ਨੇ ਜਦ ਪੁਲਿਸ ਦੇ ਘੇਰੇ ਨੂੰ ਤੋੜ ਕੇ ਅਗਾਂਹ ਵੱਧਣਾ ਸ਼ੁਰੂ ਕੀਤਾ ਤਾਂ ਤਦ ਹੀ ਮੁਜ਼ਾਹਰਾਕਾਰੀਆਂ ਤੇ ਪਾਣੀ ਦੀਆਂ ਵਛਾੜਾਂ ਡਿੱਗਣ ਲੱਗੀਆਂ। ਅੱਥਰੂ ਗੈਸ ਦੇ ਗੋਲੇ ਡਿੱਗਣ ਲੱਗੇ। ਪੁਲਿਸ ਦੀਆਂ ਡਾਂਗਾਂ ਤਾੜ-ਤਾੜ ਚੱਲਣ ਲੱਗੀਆਂ। ਨਾਹਰਿਆਂ ਦੀਆਂ ਗੂੰਜਾਂ ਉੱਚੀਆਂ ਹੋਣ ਲੱਗੀਆਂ। ਬੰਗਲੌਰ ਦੀਆਂ ਸੜਕਾਂ ਲੜਾਈ ਦੇ ਮੈਦਾਨ ਵਾਂਗ ਨਜ਼ਰ ਆਉਣ ਲੱਗੀਆਂ। ਬਲਵੀਰ ਪੁਲਿਸ ਦੀਆਂ ਡਾਗਾਂ ਨਾਲ ਲਹੂ ਲੁਹਾਣ ਹੋਈ ਦਮ ਤੋੜ ਗਈ। ਸੋਨੀਆ ਪੁਲਿਸ ਵੱਲੋਂ ਕੀਤੇ ਗਏ ਹਮਲੇ ਦਾ ਇਸ ਨਾਹਰੇ ਨਾਲ ਸਾਹਮਣਾ ਕਰਦੀ-ਕਰਦੀ "ਜੀਵਾਂਗੇ ਜਾਂ ਮਰਾਂਗੇ." ਪਾਣੀ ਦੀਆਂ ਵਛਾੜਾਂ, ਅੱਥਰੂ ਗੈਸ ਦ ਗੋਲਿਆਂ ਅਤੇ ਡਾਗਾਂ ਦੇ ਕੀਤੇ ਗਏ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈ ਤੇ ਬੇਹਾਲ ਹੋ ਕੇ ਸੜਕ ਉੱਤੇ ਡਿੱਗ ਪਈ। ਉਸ ਨੂੰ ਜਲਦੀ ਹੀ ਮੁਜ਼ਾਹਰੇ ਦੀ ਰਾਖੀ ਕਰ ਰਹੇ ਚਾਰ-ਪੰਜ ਵਲੰਟੀਅਰਾਂ ਨੇ ਚੁੱਕਿਆ। ਉਹ ਵਲੰਟੀਅਰ ਸੋਨੀਆ ਨੂੰ ਤੁਰੰਤ ਜੀਪ ਵਿੱਚ ਪਾ ਕੇ ਹਸਪਤਾਲ ਵੱਲ ਲੈ ਤੁਰੇ। ਸੋਨੀਆ ਦੀ ਹਾਲਤ ਪਲੋ-ਪਲ ਗੰਭੀਰ ਤੋਂ ਗੰਭੀਰ ਹੁੰਦੀ ਜਾ ਰਹੀ ਸੀ। ਮਨਿੰਦਰ ਅਤੇ ਕਈ ਹੋਰ ਮੁਜ਼ਾਹਰਕਾਰੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਆਪਣੀਆਂ ਗੱਡੀਆਂ ਵਿੱਚ ਲਿਆ ਸੁੱਟਿਆ। ਕ੍ਰਾਂਤੀ ਉਸ਼ਾ ਅਤੇ ਕਈ ਹੋਰ ਕ੍ਰਾਂਤੀਕਾਰੀ ਲੀਡਰਾਂ ਨੇ ਸ਼ਹੀਦ ਹੋਈ ਬਲਵੀਰ ਦੀ ਲਾਸ਼ ਆਪਣੀ ਮੁਜ਼ਾਹਰੇ ਮੂੰਹਰਲੀ ਖੁੱਲੀ ਬਾਡੀ ਵਾਲੀ ਵੈਨ ਵਿੱਚ ਰੱਖੀ। ਕਰਾਂਤੀ ਉਸ਼ਾ ਬਿਜਲੀ ਵਾਂਗ ਕੜਕਣ ਲੱਗੀ।

"ਸਾਡੀ ਸ਼ਹੀਦ ਹੋਈ ਭੈਣ ਗੁਰਮੀਤ ਦਾ ਬੰਗਲੌਰ ਦੀਆਂ ਸੜਕਾਂ 'ਤੇ ਡੁੱਲਿਆ ਖ਼ੂਨ ਵਿਅਰਥ ਨਹੀਂ ਜਾਵੇਗਾ। ਇਸ ਲਹੂ ਦੇ ਕਣ-ਕਣ ਵਿੱਚੋਂ ਕਰੋੜਾਂ ਕ੍ਰਾਂਤੀਕਾਰੀ ਭੈਣਾਂ ਅਤੇ ਭਰਾ ਪੈਦਾ ਹੋਣਗੇ ਜਿਹੜੇ ਆਪਣੀਆਂ ਜ਼ਮੀਨਾਂ, ਸਨਅੱਤਾਂ ਅਤੇ ਹੱਕਾਂ ਦੀ ਰਾਖੀ ਕਰਕੇ ਰਹਿਣਗੇ। ਸਾਡੀ ਲੜਾਈ ਉਦੋਂ ਤੱਕ ਚੱਲਦੀ ਰਹੇਗੀ। ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੋਵੇਗੀ। ਅਸੀਂ ਪਿੱਛੇ ਨਹੀਂ ਹਟਾਂਗੇ। ਸਾਡੀਆਂ ਰਗਾਂ ਵਿੱਚ ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ, ਸ਼ਿਵਾ ਜੀ ਮਰਹਾਟੇ, ਮਹਾਂਰਾਣੀ ਝਾਂਸੀ ਅਤੇ ਸ਼ਹੀਦ ਭਗਤ ਸਿੰਘ ਹੋਰਾਂ ਦਾ ਖ਼ੂਨ ਹੈ।" ਉਸ਼ਾ ਕਾਂਤੀ ਪੁਲਿਸ ਦੀਆਂ ਰੋਕਾਂ ਨੂੰ ਤੋੜ ਕੇ ਅਗਾਂਹ ਵਧ ਰਹੀ ਖੁੱਲੀ ਬਾਡੀ ਵਾਲੀ ਗੱਡੀ ਵਿੱਚ ਖੜੀ ਅਤੇ ਗੁਰਮੀਤ ਦੇ ਖ਼ੂਨ ਨਾਲ ਲਿਬੜਿਆ ਆਪਣਾ ਹੋਥ ਹਿਲਾਉਂਦੀ ਬਿਜਲੀ ਵਾਂਗ ਕੜਕਦੀ ਰਹੀ। ਨਾਹਰੇ ਗਜ਼ਗੁੰਜਾਂ ਪਾਉਂਦੇ ਰਹੇ। ਮੁਜ਼ਹਾਰਾਕਾਰੀ ਪੁਲਿਸ ਨਾਲ ਟਕਰਾਉਂਦੇ ਅੱਗੇ ਹੋਰ ਅੱਗੇ ਵੱਧਦੇ ਜਾਣ ਲੱਗੇ।

ਪੁਲਿਸ ਫ਼ਤਹਿ ਬਹਾਦਰ ਅਤੇ ਮੁਹੰਮਦ ਖਾਂ, ਮਨਿੰਦਰ ਅਤੇ ਹੋਰ ਕ੍ਰਾਂਤੀਕਾਰੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਤਰਲੋ-ਮੱਛੀ ਹੋਣ ਲੱਗੀ। ਪਰ ਇਹ ਸਾਰੇ ਕ੍ਰਾਂਤੀਕਾਰੀ ਲੋਕਾਂ ਦੇ ਠਾਠਾਂ ਮਾਰਦੇ ਸਮੁੰਦਰ ਵਿੱਚ ਮੱਛਲੀਆਂ ਵਾਂਗ ਚੁੱਭੀਆਂ ਮਾਰ ਗਏ ਸਨ। ਉਹ ਆਪਣੀ ਕ੍ਰਾਂਤੀਕਾਰੀ ਪਾਰਟੀ ਦੀਆਂ ਹਦਾਇਤਾਂ ਮੁਤਾਬਿਕ ਰੁਪੋਸ਼ ਹੋ ਗਏ ਸਨ। ਪੂਰਬ ਤੋਂ ਪੱਛਮ ਦਿਸ਼ਾ ਨੂੰ ਵੱਧਦਾ ਸੂਰਜ ਲੋਕਾਂ ਦੇ ਜੋਸ਼-ਖਰੋਸ਼ ਨਾਲ ਲਾਲ ਹੋਏ ਚਿਹਰਿਆਂ ਨੂੰ ਹੋਰ ਲਾਲ-ਸੂਹੇ ਕਰਦਾ ਨਜ਼ਰ ਆ ਰਿਹਾ ਸੀ। ਪੁਲਿਸੀ ਧਾੜਾਂ ਆਪੇ ਤੋਂ ਬਾਹਰ ਹੋ ਕੇ ਮੁਜ਼ਾਹਰੇ ਦੀ ਅਗਵਾਈ ਕਰ ਰਹੀ ਕ੍ਰਾਂਤੀ ਉਸ਼ਾ ਨੂੰ ਫੜ੍ਹ ਕੇ ਲਿਜਾਣ ਦੀ ਆਪਣੀ ਪੂਰੀ ਵਾਹ ਲਾ ਰਹੀਆਂ ਸਨ। ਪਰ ਮੁਜ਼ਾਹਰਕਾਰੀ ਪੁਲਿਸ ਦੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਦੇ ਅੱਗੇ ਵੱਧਦੇ ਜਾ ਰਹੇ ਸਨ। ਬੰਗਲੌਰ ਦੀਆਂ ਸੜਕਾਂ ਤੇ ਭਾਰਤ ਦਾ ਹੀ ਨਹੀਂ, ਦੁਨੀਆਂ ਦਾ ਨਵਾਂ ਇਤਿਹਾਸ ਸਿਰਜਿਆ ਜਾ ਰਿਹਾ ਸੀ।

ਇਹ ਲੜਾਈ ਦੇਸ਼ ਦੀ ਪਹਿਲੀ ਆਜ਼ਾਦੀ ਦੀ ਲੜਾਈ ਵਾਂਗ ਮੀਲ ਪੱਥਰ ਸਾਬਤ ਹੋਈ।

(ਸਮਾਪਤ)

ਕਹਾਣੀ

ਵਕਤ ਦੇ ਮਾਰੇ

ਉਹ ਕਈ ਦਿਨਾਂ ਤੋਂ ਸਾਡੇ ਪਿੰਡ ਬਜ਼ਾਜੀ ਲੈ ਕੇ ਫੇਰੀ ਲਾਉਂਦਾ ਆ ਰਿਹਾ ਸੀ। ਲੰਮਾ-ਸਲੰਮਾ ਕੱਦ, ਚੌਵੀ-ਪੱਚੀ ਸਾਲ ਦੀ ਉਮਰ, ਸਿਰ 'ਤੇ ਪੀਲੀ ਜਾਂ ਕਦੇ ਨੀਲੀ ਦਸਤਾਰ ਹੁੰਦੀ, ਭਰਵੀਂ ਤੇ ਖਿੱਲਰੀ ਹੋਈ ਦਾੜ੍ਹੀ। ਅੰਮ੍ਰਿਤਧਾਰੀ ਹੋਣ ਕਰਕੇ ਉਹ ਪੂਰਾ ਗੁਰਸਿੱਖ ਦਿਖਾਈ ਦਿੰਦਾ। ਗਲੀਆਂ ਵਿੱਚ ਹੋਕਾ ਦਿੰਦੇ ਦੀ ਅਵਾਜ਼ ਫ਼ਿਜ਼ਾ 'ਚ ਰਸ-ਭਿੰਨਾ ਜਿਹਾ ਸੰਗੀਤ ਘੋਲਦੀ। ਉਂਝ ਬਹੁਤ ਸਾਰੇ ਫੇਰੀ ਵਾਲੇ ਸਾਡੇ ਪਿੰਡ ਆਉਂਦੇ ਰਹਿੰਦੇ ਨੇ। ਕਦੇ ਕਬਾੜੀਆ, ਸਬਜ਼ੀ ਵਾਲਾ, ਕੁਲਫੀਆਂ ਵੇਚਣ ਵਾਲਾ, ਚਾਟ ਵੇਚਣ ਵਾਲਾ ਤੇ ਜਾਂ ਕੋਈ ਵਣਜਾਰਾ,ਹੈ ਤਾਂ ਸਾਰੇ ਕਾਮੇ। ਮੰਤਵ ਇੱਕੋ ਹੀ, ਰੋਟੀ ਦਾ ਵਸੀਲਾ, ਪਰ ਇਹ ਸਖਸ਼ ਪਤਾ ਨਹੀਂ ਕਿਉਂ ? ਕਿ ਸੀ ਉਸਦੇ ਅੰਦਰ! ਇੱਕ ਮਿਕਨਾਤੀਸ਼ੀ ਖਿੱਚ। ਕਈ ਵਾਰ ਸੋਚਦਾ ਕੀ ਲੈਣਾ ਉਸ ਬਾਰੇ ਸੋਚ ਕੇ। ਇੱਥੇ ਪਤਾ ਨਹੀਂ ਕਿੰਨੇ ਕੁ ਆਉਂਦੇ ਨੇ। ਇਹ ਜੱਗ ਤਾਂ ਹੈ ਈ ਮੇਲਾ। ਮੁਸਾਫਿਰ ਆਉਂਦਾ ਹੈ ਤੇ ਜਾਂਦਾ ਹੈ, ਸਟੇਸ਼ਨ ਹੀ ਹੈ ਇਹ ਜਗਤ, ਪਰ ਫੇਰ ਵੀ ਉਸ ਦੀ ਆਵਾਜ਼ ਅਤੇ ਗਲੀਆਂ ਵਿੱਚ ਤੁਰਦੇ ਦੀ ਪੈਰਾਂ ਦੀ ਆਹਟ ਮਨ ਨੂੰ ਅੱਚਵੀਂ ਜਿਹੀ ਲੱਗਦੀ, ਤੇ ਕਦੀ-ਕਦੀ ਮਨ ਵਿੱਚ ਕਈ ਸ਼ੰਕੇ ਉਭਰਦੇ। ਸ਼ੰਕਿਆਂ ਦਾ ਤੂਫ਼ਾਨ ਅੰਦਰੋ-ਅੰਦਰੀ ਉਥਾਲੇ ਖਾਣ ਲੱਗਦਾ। ਪੰਜਾਬ ਦੇ ਹਾਲਾਤ ਹੀ ਕੁਝ ਐਸੇ ਹਨ। ਸ਼ਾਮ ਤਾਂ ਕੀ ਚਿੱਟੇ ਦਿਨ ਵੀ ਡਰ ਤੇ ਚਿੰਤਾ ਦਾ ਆਲਮ ਛਾਇਆ ਰਹਿੰ